**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)

ਮੀਮੋ ਨੰ ਸਸਅ/ਮੈਥ ਸੈੱਲ/09/71474-71493
ਮਿਤੀ ਚੰਡੀਗੜ੍ਹ 12 ਅਕਤੂਬਰ, 2009

**ਵਿਸ਼ਾ** **ਮਹੀਨਾਵਾਰ ਟੈਸਟਾਂ ਦੇ ਰਿਕਾਰਡ ਨੂੰ ਕੰਪਿਊਟਰ ਸਿਸਟਮ ਤੇ ਦਰਜ਼ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਸਿੱਖਿਆ ਦੇ ਮਿਆਰ ਨੂੰ ਉੱਚਾ ਕਰਨ ਲਈ ਚੁੱਕੇ ਗਏ ਕਦਮਾਂ ਵਿੱਚੋਂ ਸਰਕਾਰ ਵੱਲੋਂ ਇੱਕ ਫੈਸਲਾ ਇਹ ਵੀ ਲਿਆ ਗਿਆ ਹੈ ਕਿ ਪੰਜਵੀਂ ਤੋਂ ਦਸਵੀਂ ਜਮਾਤ ਤੱਕ ਦੇ ਬੱਚਿਆਂ ਦੇ ਕੁੱਝ ਵਿਸ਼ਿਆ ਦੇ ਮਹੀਨਾਵਾਰ ਟੈਸਟ ਲਏ ਜਾਣੇ ਹਨ । ਇਸ ਸਬੰਧ ਵਿੱਚ ਆਪ ਜੀ ਨੂੰ ਵੱਖਰੇ ਤੌਰ ਤੇ ਹਦਾਇਤਾਂ ਜਾਰੀ ਕੀਤੀਆ ਜਾ ਚੁੱਕੀਆਂ ਹਨ ਅਤੇ ਇਨ੍ਹਾਂ ਹਦਾਇਤਾਂ ਦੀ ਪਾਲਣਾ ਵਿੱਚ ਸਕੂਲਾਂ ਵਿੱਚ ਮਹੀਨਾਵਾਰ ਟੈਸਟ ਵੀ ਕਰਵਾਏ ਜਾ ਰਹੇ ਹਨ ।

3.0 ਭਾਵੇਂ ਕਿ ਇਨਾਂ ਟੈਸਟਾਂ ਦੇ ਰਿਕਾਰਡ ਲਈ ਸਬੰਧਤ ਅਧਿਆਪਕਾਂ ਵੱਲੋਂ ਰਿਕਾਰਡ ਰਜਿਸਟਰਾਂ ਵਿੱਚ ਵੀ ਰੱਖਿਆ ਜਾ ਰਿਹਾ ਹੈ ਪਰੰਤੂ ਇਸ ਦੇ ਨਾਲ ਹੀ ਮੁੱਖ ਦਫਤਰ ਵੱਲੋਂ ਇਸ ਪੂਰੇ ਕੰਮ ਨੂੰ ਮਾਨੀਟਰ ਕਰਨ ਲਈ ਇੱਕ ਸਾਫਟਵੇਅਰ ਵੀ ਬਣਾਇਆ ਗਿਆ ਹੈ । ਇਹ ਸਾਫਟਵੇਅਰ ਪੰਜਾਬ ਰਾਜ ਦੇ ਸਾਰੇ ਸਰਕਜਰੀ ਸਕੂਲਾਂ ਵਿੱਚ ਮੌਜੂਦ ਹੈ । ਵੱਖਰੇ ਤੌਰ ਤੇ ਭਾਰਤ ਸੰਚਾਰ ਨਿਗਮ ਲਿਮਟਿਡ ਨਾਲ ਰਾਬਤਾ ਰੱਖਦੇ ਹੋਇਆ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਅੰਦਰ ਬ੍ਰਾਡ ਬੈਂਡ ਵੀ ਮੁਹੱਈਆ ਕਰਵਾਏ ਜਾ ਚੁੱਕੇ ਹਨ ਅਤੇ ਜਿੱਥੇ ਬ੍ਰਾਡ ਬੈਂਡ ਨਹੀਂ ਮਿਲੇ ਹਨ, ਉੱਥੇ ਬੀ.ਐਸ.ਐਨ.ਐਲ. ਨਾਲ ਰਾਬਤਾ ਰੱਖ ਕੇ ਜਲਦੀ ਇਹ ਕਨੈਕਸ਼ਨ ਲੈ ਲਏ ਜਾਣ । ਬ੍ਰਾਡ ਬੈਂਡ ਲਈ ਲੋੜੀਂਦੇ ਫੰਡਜ ਵੀ ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਪਹਿਲਾਂ ਹੀ ਮੁਹੱਈਆਂ

ਕਰਵਾਏ ਜਾ ਚੁੱਕੇ ਹਨ ਅਤੇ ਹਦਾਇਤਾਂ ਵੀ ਜਾਰੀ ਕੀਤੀਆ ਜਾ ਚੁੱਕੀਆਂ ਹਨ ਕਿ ਇਹ ਫੰਡ ਸਬੰਧਤ ਸਕੂਲਾਂ ਨੂੰ ਸਮੇਂ ਸਿਰ ਭੇਜ ਦਿੱਤੇ ਜਾਣ ਤਾਂ ਜੋ ਕੁਨੈਕਸ਼ਨ ਨਾ ਕੱਟੇ ਜਾਣ ।

4.0 ਲਗਭਗ ਸਾਰੇ ਸਕੂਲਾਂ ਵਿੱਚ ਕੰਪਿਊਟਰ ਅਧਿਆਪਕ ਵੀ ਮੌਜੂਦ ਹਨ ਜਿਹਨਾਂ ਨੂੰ ਕੰਪਿਊਟਰ ਸਿਸਟਮ ਦੀ ਪੂਰੀ ਜਾਣਕਾਰੀ ਹੈ । **ਇਹ ਫੈਸਲਾ ਲਿਆ ਗਿਆ ਹੈ ਕਿ ਇਨ੍ਹਾਂ ਟੈਸਟਾਂ ਨੂੰ ਚੰਗੀ ਤਰ੍ਹਾਂ ਮਾਨੀਟਰ ਕਰਨ ਲਈ ਸਾਰੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦਾ ਵੇਰਵਾ ਕੰਪਿਊਟਰ ਸਿਸਟਮ ਵਿੱਚ ਸਾਫਟਵੇਅਰ ਰਾਹੀਂ ਸਬੰਧਤ ਕੰਪਿਊਟਰ ਅਧਿਆਪਕ ਵੱਲੋਂ ਡਾਟਾ ਐਂਟਰੀ ਕਰਵਾਈ ਜਾਵੇ** । ਇਸ ਸਬੰਧ ਵਿੱਚ ਸਾਰੇ ਸਕੂਲ ਮੁੱਖੀਆਂ ਨੂੰ ਲੋੜੀਂਦੀਆ ਹਦਾਇਤਾਂ ਜਾਰੀ ਕਰ ਦਿੱਤੀਆ ਜਾਣ । ਜੇਕਰ ਸਾਫਟਵੇਅਰ ਚਲਾਉਣ ਵਿੱਚ ਕੋਈ ਔਕੜ ਪੇਸ਼ ਆਉਂਦੀ ਹੈ ਤਾਂ ਸਬੰਧਤ ਕੰਪਿਊਟਰ ਅਧਿਆਪਕ ਇਸ ਦਫ਼ਤਰ ਦੇ ਡੀ.ਐਮ. (ਐਮ.ਆਈ.ਐਸ.) ਸ਼੍ਰੀ ਰਾਜਵੀਰ ਨਾਲ ਮੋਬਾਇਨ ਫ਼ੋਨ ਨੰ: 9872765300 ਜਾਂ ਮਿਸ ਨਵਪ੍ਰੀਤ ਵਾਲੀਆ, ਏ.ਐਮ. ਸਾਫਟਵੇਅਰ (ਮੋਬਾਇਲ ਫ਼ੋਨ ਨੰ 9988985393) ਨਾਲ ਸੰਪਰਕ ਕਰਕੇ ਗੱਲ ਕਰ ਲਈ ਜਾਵੇ ।

5.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ :

1. ਡੀ.ਐਮ. (ਐਮ.ਆਈ.ਐਸ.) (ਬੈਵ ਸਾਈਟ ਤੇ ਪਾਉਣ ਲਈ ਅਤੇ ਸਾਰੇ ਸਕੂਲਾਂ ਨੂੰ ਈ-ਮੇਲ ਰਾਹੀਂ ਇਹ ਪੱਤਰ ਭੇਜਣ ਲਈ ।
2. ਏ.ਐਮ. ਸਾਫਟਵੇਅਰ